...ੀ ਕਰਾਈ ਗਈ ਹੈ।

ਸੁਧਾਰ ਨੰ: ੨

...ਖੀਅਨ ਬਹਿਨ ਇਕੱਠੇ ਹੋ ... ਸ਼ੌਕ ...

...ਰਤੀਆਂ ਨੂੰ ਫਿਰ ਕਹਿਆਂ ...।

ਧਨ ਨਿਰ... ਛਕ ਸੰਗਿ...

ੴ ਸਤਿਗੁਰਪ੍ਰਸਾਦਿ॥

ਪਵਿਤ੍ਰਤਾ ਤੇ ਪਤਿਬ੍ਰਤ ਧਰਮ ਦੀ ਸਚੀ ਦੇਵੀ

ਸ੍ਰੀ ਮਤਿ

# ਰੂਪ ਕੌਰ

ਜੀ ਦਾ

ਚਰਿਤ੍ਰ ਜੀਵਨ

ਭਾਗ ੧

ਕ੍ਰਿਤ 'ਦੁਖਭਰੀ' ਕਰਤਾ

ਕਰਤਾ ਨੇ ਦੰਪਤੀ ਸਧਾਰ ਹਿਤ

ਵਜੀਰ ਹਿੰਦ ਪ੍ਰੈਸ ਸ੍ਰੀ ਅੰਮ੍ਰਿਤਸਰ ਵਿਚ ਛਪਾਯਾ

5/5
१५१

ੴ ਸਤਿਗੁਰਪ੍ਰਸਾਦਿ ॥

# ਤਤਕਰਾ


| ਕਾਂਡ | ਮਜ਼ਮੂਨ | ਸਫਾ |
|---|---|---|
| ੧ | ਉਥਾਨਕਾ | ੧ |
| ੧ | ਵਿਗੜਿਆ ਹੋਜਾ ਨਕਸ਼ਾ | ੧੧ |
| ੨ | ਦੁਖਾਂ ਦੀ ਖਾਨ | ੩੭ |
| ੩ | ਸੁਰਗ ਦੀ ਮੌਜ | ੪੭ |
| ੪ | ਪਤਿਬ੍ਰਤ ਧਰਮ | ੭੧ |
| ੫ | ਭਰਮ ਦਾ ਨਿਰਨਾ | ੯੯ |
| ੬ | ਲੁਚ ਮੰਡਲੀ | ੧੧੬ |
| ੭ | ਸਾਵਨ ਦੀ ਰੁਤ | ੧੩੭ |
| ੮ | ਪਹਿਲਾ ਪਰਤਾਵਾ | ੧੫੬ |
| ੯ | ਪਿਤਾ ਦੀ ਮੌਤ | ੧੯੨ |
| ੧੦ | ਸੁਪਨੇ ਭਰੀ ਰਾਤ | ੨੨੧ |
| ੧੧ | ਸਸ ਦੀ ਸਹਾਇਤਾ | ੨੪੩ |


ੴ ਸਤਿਗੁਰਪ੍ਰਸਾਦਿ ॥

# ਉਥਾਨਕਾ

"ਧਨ ਪਿਰ ਏਹ ਨਾ ਆਖੀਅਨ ਬਹਿਨ ਇਕਠੇਹੋਇ।
ਏਕ ਜੋਤ ਦੋਇ ਮੂਰਤੀ ਧਨ ਪਿਰ ਕਹੀਏ ਸੋਇ"

ਮਹਾਰਾਜ ਦੇ ਇਸ ਪਵਿਤ੍ਰ ਵਾਕ ਦ ਅਰਥ ਭਲਾ ਕੇਹੜੇ ਮਨੁਸ਼ ਮਾਤ੍ਰ ਨੂੰ ਨਹੀਂ ਔਂਦੇ ਅਰ ਇਸਤ੍ਰੀ ਦੇ ਅਰਧੰਗੀ ਹੋਨ ਦਾ ਗਜਾਨ ਭਲਾ ਕਿਸ ਕੌਮ ਦੇ ਵਸਨੀਕਾਂ ਦੇ ਮਨ ਵਿਚ ਨਹੀਂ ਵਸ ਰਿਹਾ। ਪਰ ਅ-ਫਸੋਸ ਕਿ ਇਸ ਗਿਆਨ ਨੂੰ ਦਿਲ ਵਿਚ ਧਾਰਨ ਕਰਕੇ ਅਤੇ ਇਸ ਪਵਿਤ੍ਰ ਅੰਸ਼ ਦੇ ਗੁਣਾਂ ਨੂੰ ਜਾਨਕੇ ਲੋਕੀ ਇਸ ਪਰਮ ਉਤਮ ਦਸ਼ਾ ਵਲ ਖਿਆਲ ਨਹੀਂ ਕਰਦੇ ਤੇ ਇਸ ਹੀਰੇ ਦੀ ਨਜਾਈਂ ਪਵਿਤ੍ਰ ਤੇ ਚਮਕ ਦਾਰ ਜਿੰਦਗੀ ਨੂ ਚਿਕੜ ਦੇ ਵਿਚ ਸਟ ਦੇਨੋਂ ਨਹੀਂ ਡਰਦੇ। ਪਾਠਕਜਨ! ਤੂ ਰਤਾ ਦਿਲ ਵਿਚ ਕੰਘੀਮਾਰ ਤੇ ਸੋਚ ਕਿ ਇਸ ਪ੍ਰਿਥਵੀ ਪਰ ਦੋਸਤ ਵਰਗੀ ਸੁਵਛ ਵਸਤੂ ਤੇ ਮਿਤ੍ਰ ਜੇਡਾ ਸਚਾ ਸਾਕ ਕੋਈ ਗਿਨਯਾ ਜਾਂਦਾਹੈ? ਫੇਰ ਲੋਕ ਏਸੇ ਦਾਹ ਦੇ ਭਰੇ ਹੋਏ ਤੇ ਏਸੇ ਉਮੈਦ ਪੁਰ ਆਸ ਰਖ ਕੇ ਦਰ ਦਰ ਅਜਿਹੇ ਮਿਤ੍ਰ ਦੀ ਚੋਟ ਵਿਚ ਪਏ ਫਿਰਦੇ ਹਨ ਪਰ ਘਟ ਹੀ ਨਜ਼ਰ ਪੈਂਦਾ ਹੈ ਜੋ ਇਕ ਮਨ ਤੇ ਇਕ ਦਿਲ ਹੋਕੇ ਮਿਤ੍ਰ-ਤਾਈ ਦਾ ਮਾਨ ਪੂਰਾ ਕਰਸਕੇ।ਦੇ ਮਿਤ੍ਰ ਭਾਵੇਂ ਅਪਨੇ ਆਪ ਨੂ ਕਿੰਨਾ ਹੀ ਪਿਆਰਾ ਤੇ ਗੂੜਾ ਕਿਉਂ ਨਾ

ਸਮਝਦੇ ਹੋਨ, ਕਿਨਾਂ ਹੀ ਇਕ ਰੂਪ ਹੋਨ ਦਾ ਦਮ ਕਿਉਂ ਨ ਮਾਰਦੇ ਹੋਨ ਪਰ ਅਖੀਰ ਕੋਈ ਵੇਲਾ ਅਜੇਹਾ ਆਜਾਵੇਗਾ ਜਦ ਕਿ ਓਹ ਦੁਨੀਆਂ ਦੀ ਇਸ ਟੇਢੀ ਚਾਲ ਦੇ ਹੇਠ ਇਕ ਦੂਸਰੇ ਦਾ ਸਾਥ ਦੇਨ ਤੋਂ ਮੂੰਹ ਮੋੜ ਲੈਨ, ਜਦ ਕਿ ਉਨਾਂ ਵਿਚ ਏਹ ਫੁਟ ਤੇ ਫਿਕ ਦਾ ਮੇਵਾ ਸੁਤੇ ਹੀ ਪ੍ਰਕਾਸ਼ ਹੋਕੇ ਉਨਾਂਦੀ ਬਨਾਉਟੀ ਗੰਢ ਨੂ ਖੋਲ ਦੇਵੇ ਯਾ ਜਦ ਕਿ ਮੁਸੀਬਤ ਤੇ ਬਿਪਤਾ ਦਾ ਕਰੜਾ ਪਾਨੀ ਉਨਾਂ ਦੇ ਵੰਦ ਇਕ ਦੂਸਰੇ ਦੇ ਪ੍ਰੇਮ ਤੋਂ ਹਛੀ ਤਰਾਂ ਖੱਟੇ ਕਰ ਦੇਵੇ। ਇਸ ਦਾ ਕਾਰਨ ਕੀ ਹੈ? ਏਹੀ, ਕਿ ਏਹ ਬਨਾਉਟੀ ਸਾਕ ਭਾਵੇਂ ਜਗਤ ਵਿਚ ਲੋਕਾਂ ਨੇ ਅਪਨੇ ਸੁਖ ਤੇ ਆਰਾਮ ਲਈ ਬਨਾਇ ਹੋਇ ਹਨ, ਪਰ ਆਪੋ ਅਪਨੀ ਹਦਾਂ ਤੋਂ ਬਾਹਰ ਨਹੀਂ ਸਜਦੇ। ਅਤੇ ਮਿਤ੍ਰਤਾਈ ਦਾ ਸਾਕ ਅੰਗ੍ਰੇਜ਼ੀ ਦੀ ਇਸ ਕਹਾਵਤ ਅਨੁਸਾਰ ਹੈ।

Machinery—
(Familiarity breeds contempt) ਅਰਥਾਤ

"ਬਹੁਤੀ ਵਾਕਫੀ ਵਿਚ ਫਿਕ ਨਿਕਲਦੀ ਹੈ" ਅਪਨੀ ਹਦ ਤੋਂ ਉਲੰਘਨ ਹੋਕੇ ਮਨੁਖਾਂ ਦੇ ਮਨ ਵਿਚ ਕਈ ਤਰਾਂ ਦਾ ਵੈਰਾਗ ਤੇ ਉਦਾਸੀ ਉਤਪੰਨ ਕਰ ਦੇਂਦਾ ਹੈ। ਅਸਾਂ ਕਈ ਅਜੇਹੇ ਪੁਰਸ਼ ਅਪਨੀ ਅਖੀਂ ਦੇਖੇ ਹੋਨਗੇ ਜੋ ਦੋਸਤੀ ਵਿਚ ਅਪਨੇ ਆਪ ਨੂ ਹਦੋਂ ਬਾਹਰ ਪਕਾ ਤੇ ਸਾਬਤ ਕਦਮ ਪ੍ਰਗਟ ਕਰਦੇ ਨੇ, ਜੋ ਅਪਨੇ ਦੋਸਤ ਦਾ ਨਾਂ ਸੁਨਦੇ ਹੀ ਜਾਨ ਦੇਨ ਮਤਯਾਰ ਹੁੰਦੇ ਸੇ ਅਤੇ ਅਪਨੀ ਇਸਤ੍ਰੀ ਨੂ ਓਸਦੇ ਸ੍ਰੂਪ ਦੇ ਮੁਕਾਬਲੇ ਵਿਚ ਇਕ ਪ੍ਰਦੇਸਨ ਖਿਆਲ



ਕਰਦੇ ਸੇ ਪਰ ਜ਼ਮਾਨੇ ਦੀ ਇਸ ਹਵਾ ਨੇ ਤੇ ਹਦ ਨੂ ਉਲੰਘਨ ਦੇ ਐਬ ਨੇ ਉਨਾਂ ਦਾ ਵੀ ਵੇਲਾ ਪਾਕੇ ਮੂੰਹ ਭਵਾ ਦਿਤਾ ਤੇ ਅਖੀਰ ਅਜੇਹੀ ਨੌਬਤ ਪੁਚਾਈ ਕਿ ਯਾ ਤਾਂ ਓਹ ਦੁਨੀਆਂ ਤੋਂ ਉਦਾਸ ਹੋਕੇ ਵੈਰਾਗ ਚਿਤ ਹੋ ਚਲਦੇ ਹੋਇ, ਯਾ ਅਖੀਰ ਉਸੇ ਪਜਾਰੀ ਤੇ ਅਧੀਨ ਇਸਤ੍ਰੀ ਦੀਆਂ ਮਿਨਤਾਂ ਤਰਲਜਾਂ ਪਰ ਤਰਸ ਕਰਕੇ ਅਪਨੀ ਸਚੀ ਪ੍ਰੀਤ ਵਿਚ ਆਸਮਾਏ। ਮੂਲ ਕੀ ਦੰਪਤੀ ਦਾ ਪਵਿਤ੍ਰ ਸਾਕ ਜੋ ਈਸ਼ਵਰ ਦੀ ਸਚੀ ਕੁਦਰਤ ਦੇ ਅੰਸ ਵਿਚ ਪੈਰ ਰਖਦਾਹੈ ਤੇ ਲਾਵਾਂ ਦੀ ਪਵਿਤ੍ਰ ਤੇ ਕਰੜੀ ਰੱਸੀ ਨਾਲ ਗੁੰਦਜਾ ਜਾਂਦਾ ਹੈ ਕਦੇ ਕਚਾ ਹੋਨ ਦਾ ਦਮ ਨਹੀਂ ਮਾਰ ਸਕਦਾ ਅਤੇ ਭਾਵੇਂ ਲਖ ਝਗੜੇ ਹੋਨ ਤੇ ਸੈਂਕੜੇ ਲੜਾਈਆਂ ਹੋਨ ਪਰ ਫੇਰ ਵੀ ਕੁਦਰਤੀ ਫਟ ਦੀ ਨਿਆਈਂ ਸੁਤੇ ਹੀ ਬਿਨਾਂ ਕਿਸੇ ਦਵਾ ਦਾਰੂ ਦੇ ਆਨ ਮਿਲਦਾ ਹੈ। ਏਹ ਸਚਾ ਸਾਕ ਕੁਦਰਤੀ ਤੇ ਪਵਿਤ੍ਰ ਸਾਕ ਹੈ ਤੇ ਜੇ ਇਸ ਨੂ ਪੂਰੀ ਪੂਰੀ ਪਵਿਤ੍ਰਤਾਈ ਦੀ ਪਦਵੀ ਦਿਤੀ ਜਾਏ ਤਾਂ ਕਦੇ ਮੁਮਕਨ ਨਹੀਂ ਹੋ ਸਕਦਾ ਜੋ ਉਸ ਦਰਜੇ ਤੋਂ ਹੇਠਾਂ ਡਿਗੇ ਜੋ ਗੁਰੂ ਸਾਹਿਬ ਨੇ ਇਸ ਦੇ ਲਈ ਬੰਨ ਰਖਿਆ ਹੈ। ਸਚ ਮੁਚ ਧਨ ਪਿਰ ਦਾ ਏਹ ਆਸ਼ਾ ਨਹੀਂ ਜੋ ਇਕਠੇ ਹੋਕੇ ਚੌਕੇ ਵਿਚ ਬੈਠ ਜਾਨ ਭਾਵੇਂ ਅੰਦਰੋਂ ਇਕ ਦੂਸਰੇ ਨੂ ਵੇਖਨਾ ਵੀ ਜ਼ੈਹਰ ਸਮਝਦੇ ਹੋਨ। ਏਹ ਮਤਲਬ ਨਹੀਂ ਜੋ ਦੋਵੇਂ ਅਕਠੇ ਇਕੋ ਘਰ ਵਿਚ ਵਸਨ ਭਾਵੇਂ ਰਾਤ ਦਿਨ ਕਪਤ ਖਾਨੇ ਤੇ ਗੁਤ ਪੁਟਾਈ ਨਾਲ ਹੀ ਵਿਹਾਰ ਹੋਵੇ। ਅਥਵਾ

**TO READ THE ENTIRE BOOK PLEASE CONTACT US:**


whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.